ਨੰ 23442354
25/10/2023

# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ

ਪੰਜਵੀਂ ਮੰਜਿਲ, ਈ ਬਲਾਕ, ਵਿੱਦਿਆ ਭਵਨ, ਫੇਜ਼-8, ਐੱਸ.ਏ.ਐੱਸ ਨਗਰ (ਮੋਹਾਲੀ) ਪੰਜਾਬ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ)
ਸਮੂਹ ਸਕੂਲ ਮੁਖੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ।

ਮੀਮੋ ਨੰ. Samagra/Smart School/2023/568984/ਯ84218 ਮਿਤੀ: 10-10-2023

ਵਿਸ਼ਾ: ਸਮੱਗਰਾ ਸਿੱਖਿਆ 2023-24 ਤਹਿਤ ਸਕੂਲਾਂ ਨੂੰ ਲਾਈਬ੍ਰੇਰੀ ਲਈ ਕਿਤਾਬਾਂ ਦੀ ਖਰੀਦ ਸਬੰਧੀ ਹਦਾਇਤਾਂ।

1.0. ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਸਬੰਧੀ ਸਮੱਗਰਾ ਸਿੱਖਿਆ ਸਾਲ 2023-24 ਅਧੀਨ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ ਲਾਈਬ੍ਰੇਰੀ ਦੀਆਂ ਕਿਤਾਬਾ ਵਾਸਤੇ 629.35 ਲੱਖ ਰੁਪਏ ਦੀ ਰਾਸ਼ੀ ਮੰਨਜ਼ੂਰ ਕੀਤੀ ਗਈ ਹੈ। ਜਿਸ ਦਾ ਜਿਲ੍ਹਾ ਵਾਈਜ਼ ਵੇਰਵਾ ਹੇਠ ਲਿਖੇ ਅਨੁਸਾਰ ਹੈ ਅਤੇ ਸਕੂਲ ਵਾਈਜ਼ ਵੇਰਵਾ ਨਾਲ ਨੱਥੀ ਹੈ:

| Sr. No. | District | No. of High Schools | Unit Cost | Fin. Rs. In lac | No. of Senior Secondary Schools | Unit Cost | Fin. Rs. In lac | Total | Total Amount Rs. In lac |
|---|---|---|---|---|---|---|---|---|---|
| 1 | AMRITSAR | 115 | 0.15 | 17.2500 | 107 | 0.20 | 21.400 | 222 | 38.6500 |
| 2 | BARNALA | 43 | 0.15 | 6.4500 | 41 | 0.20 | 8.200 | 84 | 14.6500 |
| 3 | BATHINDA | 68 | 0.15 | 10.2000 | 126 | 0.20 | 25.200 | 194 | 35.4000 |
| 4 | FARIDKOT | 44 | 0.15 | 6.6000 | 38 | 0.20 | 7.600 | 82 | 14.2000 |
| 5 | FATEHGARH SAHIB | 34 | 0.15 | 5.1000 | 43 | 0.20 | 8.600 | 77 | 13.7000 |
| 6 | FAZILKA | 71 | 0.15 | 10.6500 | 79 | 0.20 | 15.800 | 150 | 26.4500 |
| 7 | FIROZPUR | 59 | 0.15 | 8.8500 | 62 | 0.20 | 12.400 | 121 | 21.2500 |
| 8 | GURDASPUR | 91 | 0.15 | 13.6500 | 105 | 0.20 | 21.000 | 196 | 34.6500 |
| 9 | HOSHIARPUR | 135 | 0.15 | 20.2500 | 123 | 0.20 | 24.600 | 258 | 44.8500 |
| 10 | JALANDHAR | 111 | 0.15 | 16.6500 | 159 | 0.20 | 31.800 | 270 | 48.4500 |
| 11 | KAPURTHALA | 68 | 0.15 | 10.2000 | 62 | 0.20 | 12.400 | 130 | 22.6000 |
| 12 | LUDHIANA | 158 | 0.15 | 23.7000 | 183 | 0.20 | 36.600 | 341 | 60.3000 |
| 13 | MALERKOTLA | 25 | 0.15 | 3.7500 | 27 | 0.20 | 5.400 | 52 | 9.1500 |
| 14 | MANSA | 62 | 0.15 | 9.3000 | 69 | 0.20 | 13.800 | 131 | 23.1000 |
| 15 | MOGA | 76 | 0.15 | 11.4000 | 87 | 0.20 | 17.400 | 163 | 28.8000 |
| 16 | MOHALI | 55 | 0.15 | 8.2500 | 51 | 0.20 | 10.200 | 106 | 18.4500 |
| 17 | MUKTSAR | 69 | 0.15 | 10.3500 | 90 | 0.20 | 18.000 | 159 | 28.3500 |
| 18 | NAWANSHAHR | 45 | 0.15 | 6.7500 | 57 | 0.20 | 11.400 | 102 | 18.1500 |
| 19 | PATHANKOT | 34 | 0.15 | 5.1000 | 44 | 0.20 | 8.800 | 78 | 13.9000 |
| 20 | PATIALA | 98 | 0.15 | 14.7000 | 100 | 0.20 | 20.000 | 198 | 34.7000 |
| 21 | RUPNAGAR | 67 | 0.15 | 10.0500 | 49 | 0.20 | 9.800 | 116 | 19.8500 |
| 22 | SANGRUR | 75 | 0.15 | 11.2500 | 95 | 0.20 | 19.000 | 170 | 30.2500 |
| 23 | TARAN TARAN | 90 | 0.15 | 13.5000 | 80 | 0.20 | 16.000 | 170 | 29.5000 |
| | Total | 1693 | | 253.9500 | 1877 | | 375.400 | 3570 | 629.3500 |

3.0 ਲਾਈਬ੍ਰੇਰੀ ਦੀ ਕਿਤਾਬਾਂ ਲਈ ਉਕਤ ਸਾਰਨੀ ਅਨੁਸਾਰ ਜਾਰੀ ਰਾਸ਼ੀ ਨੂੰ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਖਰਚ ਕਰਨਾ ਯਕੀਨੀ ਬਣਾਇਆ ਜਾਵੇ:

VinayBubLLawi

1. ਲਾਇਬ੍ਰੇਰੀ ਲਈ ਕਿਤਾਬਾਂ ਦੀ ਚੋਣ ਸਾਲ 2020-21 ਅਤੇ 2022-23 ਵਿੱਚ ਸਟੇਟ ਪੱਧਰ ਤੇ ਗਠਿਤ ਕਮੇਟੀ ਵੱਲੋਂ ਪ੍ਰਵਾਨਿਤ ਕੀਤੀਆਂ ਕਿਤਾਬਾਂ ਵਿੱਚੋਂ ਕੀਤੀ ਜਾ ਸਕਦੀ ਹੈ। (ਪ੍ਰਵਾਨਿਤ ਕਿਤਾਬਾਂ ਦੀ ਲਿਸਟ ਨਾਲ ਨੱਥੀ ਹੈ।)।

2. ਸਾਲ 2020-21 ਅਤੇ 2022-23 ਦੀ ਪ੍ਰਵਾਨਿਤ ਸੂਚੀ ਦੇ ਰੇਟਾਂ ਮੁਤਾਬਿਕ ਜੇਕਰ ਕੋਈ ਕਿਤਾਬ ਸਾਲ 2023 ਦੇ Edition ਦੀ ਹੀ ਪ੍ਰਿੰਟ ਕਾਪੀ ਹੇਠਾਂ ਦਰਜ Page No.3 ਦੇ Clause No. 'ਸ' ਤੇ ਦਰਸਾਏ discount ਮੁਤਾਬਿਕ ਮਿਲਦੀ ਹੋਵੇ ਤਾਂ ਸਕੂਲ ਪੱਧਰੀ ਕਮੇਟੀ ਉਸ ਕਿਤਾਬ ਨੂੰ ਖਰੀਦ ਸਕਦੀ ਹੈ।

3. ਜੇਕਰ ਸਕੂਲ ਮੈਨੇਜਮੈਂਟ ਕਮੇਟੀ ਨੂੰ ਲਗਦਾ ਹੈ ਕਿ ਵਿਦਿਆਰਥੀਆਂ ਲਈ Science, Commerce, Environment, Medical & Non-Medical (5 Categories) ਵਿਸ਼ੇ ਦੀਆਂ ਕਿਤਾਬਾਂ ਦੇ New Edition ਦੀ ਲੋੜ ਹੈ ਤਾਂ ਸਕੂਲ ਮੈਨੇਜਮੈਂਟ ਕਮੇਟੀ ਇਨ੍ਹਾਂ ਕਿਤਾਬਾਂ ਦੀ ਸ਼ਿਫਾਰਿਸ ਮਿਤੀ 20-10-2023 ਤੱਕ ਜਿਲ੍ਹਾ ਪੱਧਰੀ ਕਮੇਟੀ ਨੂੰ ਕਰੇਗੀ। ਜਿਲ੍ਹਾ ਪੱਧਰੀ ਕਮੇਟੀ ਇਨ੍ਹਾਂ ਕਿਤਾਬਾਂ ਦਾ ਰੀਵਿਊ ਮਿਤੀ 10-11-2023 ਤੱਕ ਕਰਕੇ ਸਕੂਲ ਮੈਨੇਜਮੈਂਟ ਕਮੇਟੀ ਨੂੰ ਪ੍ਰਵਾਨਗੀ ਜਾਰੀ ਕਰੇਗੀ। ਕਿਤਾਬਾਂ ਦੀ ਚੋਣ/ਖਰੀਦ ਲਈ ਵਿਭਾਗ ਵੱਲੋਂ ਸਟੇਟ, ਜਿਲ੍ਹਾ ਪੱਧਰ ਅਤੇ ਸਕੂਲ ਪੱਧਰ ਤੇ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਜਿਲ੍ਹਾ ਪੱਧਰ ਅਤੇ ਸਕੂਲ ਪੱਧਰ ਤੇ ਗਠਿਤ ਕਮੇਟੀਆਂ ਦਾ ਵੇਰਵਾ ਹੇਠ ਅਨੁਸਾਰ ਹੈ:

**I. ਸਕੂਲ ਲੈਵਲ ਦੀ ਕਮੇਟੀ**

| | |
|---|---|
| 1) ਪ੍ਰਿੰਸੀਪਲ/ਸਕੂਲ ਮੁਖੀ | : ਚੇਅਰਮੈਨ |
| 2) ਪੰਜਾਬੀ ਵਿਸ਼ੇ ਦਾ ਅਧਿਆਪਕ | : ਮੈਂਬਰ |
| 3) ਹਿੰਦੀ ਵਿਸ਼ੇ ਦਾ ਅਧਿਆਪਕ | : ਮੈਂਬਰ |
| 4) ਅੰਗਰੇਜੀ ਵਿਸ਼ੇ ਦਾ ਅਧਿਆਪਕ | : ਮੈਂਬਰ |
| 5) ਸਾਇੰਸ ਵਿਸ਼ੇ ਦਾ ਅਧਿਆਪਕ | : ਮੈਂਬਰ |
| 6) ਲਾਇਬ੍ਰੇਰੀਅਨ | : ਮੈਂਬਰ |

**II. ਜਿਲ੍ਹਾ ਲੈਵਲ ਦੀ ਕਮੇਟੀ**

| | |
|---|---|
| 1) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) | : ਚੇਅਰਮੈਨ |
| 2) ਜਿਲ੍ਹਾ ਸਿੱਖਿਆ ਅਫਸਰ (ਐ.ਸਿ) | : ਵਾਇਸ ਚੇਅਰਮੈਨ |
| 3) ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) | : ਮੈਂਬਰ |
| 4) 2 ਸਕੂਲ ਪ੍ਰਿੰਸੀਪਲਜ਼ (ਸਾਹਿਤ ਅਤੇ ਭਾਸ਼ਾ ਦੇ ਮਾਹਰ) (As per nomination of DEO-SE/EE) | : ਮੈਬਰ |
| 5) 2 ਵਿਸ਼ਾ ਮਾਹਰ (ਪੰਜਾਬੀ, ਹਿੰਦੀ) (As per nomination of DEO-SE/EE) | : ਮੈਬਰ |

Vinay Bublani

4. ਸਕੂਲ ਮੈਨੇਜਮੈਂਟ ਕਮੇਟੀ ਅਤੇ ਜਿਲ੍ਹਾ ਪੱਧਰੀ ਕਮੇਟੀ ਵਿਦਿਆਰਥੀਆਂ ਦੀ ਲੋੜ ਅਨੁਸਾਰ ਸਟੇਟ ਪੱਧਰੀ ਕਮੇਟੀ ਵੱਲੋਂ ਸ਼ਿਫਾਰਿਸ ਕੀਤੀਆਂ ਕਿਤਾਬਾਂ (ਸਾਲ 2020-21 ਅਤੇ 2022-23) ਤੋਂ ਇਲਾਵਾ ਹੇਠ ਲਿਖੀਆਂ ਸ਼ਰਤਾਂ ਤੇ ਨਵੀਂਆਂ ਕਿਤਾਬਾਂ ਦੀ ਸ਼ਿਫਾਰਿਸ ਕਰ ਸਕਦੀ ਹੈ:

ੳ) ਉਨ੍ਹਾਂ ਪੁਸਤਕਾਂ ਦੀ ਚੋਣ ਨੂੰ ਤਰਜੀਹ ਦਿੱਤੀ ਜਾਵੇ ਜਿਨ੍ਹਾਂ ਵਿੱਚ ਪੰਜਾਬ ਦੇ ਇਤਿਹਾਸ, ਇਤਿਹਾਸਕ ਭੂਗੋਲ, ਸੱਭਿਆਚਾਰ, ਅਲੋਪ ਹੋ ਰਹੇ ਵਿਰਸੇ, ਰਸਮਾਂ ਰਿਵਾਜਾਂ, ਫਸਲਾਂ ਅਤੇ ਖੁਰਾਕਾਂ ਆਦਿ ਦਾ ਜਿਕਰ ਹੋਵੇ। ਇਸ ਤੋਂ ਇਲਾਵਾ ਸਿਹਤ ਸਬੰਧੀ, ਤਨਾਅ, ਡਿਪਰੈਸ਼ਨ ਘਟਾਉਣ ਵਿੱਚ ਸਹਾਈ ਹੋਣ ਵਾਲੀਆਂ ਪੁਸਤਕਾਂ, ਸਚਿਤਰ ਵਿਸ਼ਵਕੋਸ਼ ਆਦਿ ਦੀ ਚੋਣ ਕੀਤੀ ਜਾ ਸਕਦੀ ਹੈ।

ਅ) ਰਾਸ਼ਟਰੀ, ਅੰਤਰ ਰਾਸਟਰੀ ਪੱਧਰ ਦੇ ਖਿਡਾਰੀਆਂ ਦੀਆਂ ਜੀਵਨੀਆਂ ਜਰੂਰ ਚੁਣੀਆਂ ਜਾਣ ਜਿਸ ਨੂੰ ਪੜ੍ਹ ਕੇ ਬੱਚਿਆਂ ਦਾ ਮਨੋਬਲ ਵਧੇ ਅਤੇ ਉਹ ਖੇਡਾਂ ਪ੍ਰਤੀ ਆਕਰਸ਼ਕ ਹੋ ਸਕਣ। ਦੇਸ਼ ਭਗਤਾਂ ਦੀਆਂ ਜੀਵਨੀਆਂ ਅਤੇ ਅਜਾਦੀ ਜੰਗ ਬਾਰੇ ਪੁਸਤਕਾਂ ਦੀ ਵੀ ਉਚੇਚੇ ਤੌਰ ਤੇ ਚੋਣ ਕੀਤੀ ਜਾਵੇ। ਵਾਤਾਵਰਨ ਤੇ ਮੰਡਰਾਉਂਦੇ ਖਤਰੇ ਅਤੇ ਕੁਦਰਤੀ ਆਪਦਾਵਾਂ ਦੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਦੀ ਲਾਈਬ੍ਰੇਰੀ ਲਈ ਚੋਣ ਕੀਤੀ ਜਾਵੇ। ਨਵੀਆਂ ਵਿਗਿਆਨਕ ਕਾਢਾਂ, ਖੋਜਾਂ ਅਤੇ ਪ੍ਰਾਪਤੀਆਂ ਬਾਰੇ ਵੀ ਪੁਸਤਕਾਂ ਲਈਆਂ ਜਾਣ।

ੲ) ਇਸ ਤੋਂ ਇਲਾਵਾ ਸਰਵੋਤਮ ਪੰਜਾਬੀ ਸਾਹਿਤਕਾਰ ਜੋ ਕਿ ਭਾਸ਼ਾ ਵਿਭਾਗ, ਸਾਹਿਤ ਅਕਾਦਮੀ ਤੋਂ ਸਨਮਾਨਿਤ ਹੋਣ ਉਨ੍ਹਾਂ ਦੀਆਂ ਪੁਸਤਕਾਂ ਜਿਨ੍ਹਾਂ ਵਿੱਚ ਕਹਾਣੀਆਂ, ਵਾਰਤਕਾਂ ਅਤੇ ਨਾਵਲ ਸ਼ਾਮਲ ਹੋਣ ਨੂੰ ਤਰਜੀਹ ਦਿੱਤੀ ਜਾਵੇ। ਸੰਸਾਰ ਪ੍ਰਸਿੱਧ ਪੁਸਤਕਾਂ ਦੇ ਪੰਜਾਬੀ ਅਨੁਵਾਦ ਵੀ ਚੁਣੇ ਜਾ ਸਕਦੇ ਹਨ।

ਸ) ਸਰਕਾਰੀ ਪਬਲੀਕੇਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਦੀ ਚੋਣ ਸਮੇਂ ਉਨ੍ਹਾਂ ਦੀ ਪਾਲਿਸੀ ਅਨੁਸਾਰ ਡਿਸਕਾਉਂਟ ਲਿਆ ਜਾ ਸਕਦਾ ਹੈ। ਨੈਸ਼ਨਲ ਬੁੱਕ ਟਰੱਸਟ ਤੋਂ ਖਰੀਦੀਆਂ ਜਾਣ ਵਾਲੀਆਂ ਪੁਸਤਕਾਂ ਤੇ ਉਸਦੀ ਪਾਲਿਸੀ ਅਨੁਸਾਰ 25% ਦਾ ਡਿਸਕਾਉਂਟ ਲਿਆ ਜਾ ਸਕਦਾ ਹੈ। ਪ੍ਰਾਈਵੇਟ ਪਬਲਿਸ਼ਰਜ਼ ਤੋਂ ਖਰੀਦੀਆਂ ਜਾਣ ਵਾਲੀਆਂ ਪੁਸਤਕਾਂ ਤੇ ਘੱਟੋ ਘੱਟ 40% ਦਾ ਡਿਸਕਾਉਂਟ ਲਿਆ ਜਾ ਸਕਦਾ ਹੈ। ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਉਨ੍ਹਾਂ ਪੁਸਤਕਾਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦੀ ਕੀਮਤ ਨਿਸਬਤਨ ਘੱਟ ਹੈ।

ਹ) ਉਨ੍ਹਾਂ ਪੁਸਤਕਾਂ ਨੂੰ ਤਰਜੀਹ ਦਿੱਤੀ ਜਾਵੇ ਜਿਨ੍ਹਾਂ ਦੀ ਕੀਮਤ ਘੱਟ ਹੈ। ਡਿਸਕਾਉਂਟ ਉਪਰੰਤ ਬੱਚਦੀ ਰਾਸ਼ੀ ਨਾਲ ਲਾਈਬ੍ਰੇਰੀ ਲਈ ਪੁਸਤਕਾਂ ਦੀ ਹੀ ਖਰੀਦ ਕੀਤੀ ਜਾਵੇ।

ਕ) ਕਿਤਾਬਾਂ ਦੀ ਚੋਣ ਸਮੇਂ ਧਿਆਨ ਰੱਖਿਆ ਜਾਵੇ ਕਿ ਕਿਤਾਬਾਂ ਵਿਚਲੇ ਪੇਜ਼ ਪੂਰੇ ਹੋਣ।

ਖ) ਸਕੂਲ ਮੁਖੀ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਲਾਈਬ੍ਰੇਰੀ ਵਿੱਚ ਮੌਜੂਦ ਕਿਤਾਬਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਜਾਰੀ ਕਰਨ ਅਤੇ ਪੜ੍ਹਨ ਲਈ ਪ੍ਰੇਰਿਤ ਕਰਨਗੇ।

VinayBublani

ਗ) ਪੁਸਤਕਾਂ ਦਾ Content ਚੰਗੀ ਤਰ੍ਹਾ ਘੋਖ ਲਿਆ ਜਾਵੇ ਅਤੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ Content ਦੇ ਕਿਸੇ ਅੰਸ਼ ਨਾਲ ਕਿਸੇ ਦੀ ਵੀ ਭਾਵਨਾ ਨੂੰ ਠੇਸ ਨਾ ਪਹੁੰਚੇ।

5. ਉਕਤ ਹਦਾਇਤਾਂ ਅਨੁਸਾਰ ਸਕੂਲ ਮੈਨੇਜਮੈਂਟ ਕਮੇਟੀ ਸਿਫਾਰਿਸ਼ ਕੀਤੀਆਂ ਕਿਤਾਬਾਂ ਦੀ ਸੂਚੀ ਮਿਤੀ 31-10-2023 ਤੱਕ ਪ੍ਰਵਾਨਗੀ ਲਈ ਜਿਲ੍ਹਾ ਪੱਧਰੀ ਕਮੇਟੀ ਨੂੰ ਭੇਜੇਗੀ। ਜਿਲ੍ਹਾ ਪੱਧਰੀ ਕਮੇਟੀ ਇਨ੍ਹਾਂ ਕਿਤਾਬਾਂ ਦਾ ਰੀਵਿਊ ਕਰਕੇ ਮਿਤੀ 30-11-2023 ਤੱਕ ਪ੍ਰਵਾਨਗੀ ਲਈ ਸਟੇਟ ਪੱਧਰੀ ਕਮੇਟੀ ਨੂੰ ਭੇਜੇਗੀ। ਸਟੇਟ ਪੱਧਰੀ ਕਮੇਟੀ ਮਿਤੀ 31-12-2023 ਤੱਕ ਇਹਨਾਂ ਕਿਤਾਬਾਂ ਦਾ ਰੀਵਿਊ ਕਰਕੇ ਅੰਤਿਮ ਪ੍ਰਵਾਨਗੀ ਜਾਰੀ ਕਰਦੇ ਹੋਏ ਇਨ੍ਹਾਂ ਕਿਤਾਬਾਂ ਨੂੰ ਸਾਲ 2020-21 ਅਤੇ 2022-23 ਦੌਰਾਨ ਸ਼ਿਫਾਰਿਸ ਕੀਤੀਆਂ ਕਿਤਾਬਾਂ ਦੀ ਸੂਚੀ ਵਿੱਚ ਸਾਲ 2023-24 ਲਈ ਸ਼ਾਮਲ ਕਰੇਗੀ। ਸਟੇਟ ਪੱਧਰੀ ਕਮੇਟੀ ਦੀ ਅੰਤਿਮ ਪ੍ਰਵਾਨਗੀ ਉਪਰੰਤ ਹੀ ਸਕੂਲ ਮੈਨੇਜਮੈਂਟ ਕਮੇਟੀ ਇਨ੍ਹਾਂ ਕਿਤਾਬਾਂ ਦੀ ਖਰੀਦ ਕਰੇਗੀ।

6. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਸਕੂਲ ਪੱਧਰ ਤੇ ਖਰੀਦੀਆਂ ਕਿਤਾਬਾਂ ਦੀ Physical Verification ਕੀਤੀ ਜਾਵੇਗੀ।

7. ਸਕੂਲ ਪੱਧਰ ਤੇ ਲਾਈਬ੍ਰੇਰੀ ਦੀਆਂ ਕਿਤਾਬਾਂ ਲਈ ਜਾਰੀ ਕੀਤੀ ਰਾਸ਼ੀ ਉਕਤ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਖਰਚ ਕਰਨ ਉਪਰੰਤ ਇਸ ਵਰਤੋਂ ਸਰਟੀਫਿਕੇਟ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਮਿਤੀ 31-01-2024 ਤੱਕ ਭੇਜਣਾ ਯਕੀਨੀ ਬਣਾਉਣਗੇ।

Vinay Bublani
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ, ਪੰਜਾਬ।**

**ਨੱਥੀ: ਉਕਤ ਅਨੁਸਾਰ**

ਪਿੱਠ ਅੰਕਣ ਨੰ. Samagra/Smart School/2023/ 3523                ਮਿਤੀ: 10-10-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿ)
2. ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ
3. ਏ.ਪੀ.ਸੀ. ਫਾਇਨਾਂਸ (ਸਮੱਗਰਾ)

Vinay Bublani
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ, ਪੰਜਾਬ।**